StartingBlocks.gov.au

# ਗੁਣਵੱਤਾ ਭਰਪੂਰ ਆਰੰਭਿਕ ਸਿਖਲਾਈ ਸੇਵਾਵਾਂ ਖੋਜਣ ਵਿੱਚ ਤੁਹਾਡੀ ਮਦਦ ਕਰਨਾ

ਇਹਨਾਂ ਲਈ StartingBlocks.gov.au 'ਤੇ ਜਾਓ:

+ ਪ੍ਰੀਸਕੂਲ/ਕਿੰਡਰਗਾਰਟਨ ਸਮੇਤ ਆਪਣੇ ਨੇੜੇ ਦੀਆਂ ਬਾਲ ਸੰਭਾਲ ਸੇਵਾਵਾਂ ਨੂੰ ਖੋਜਣਾ
+ ਨੈਸ਼ਨਲ ਕੁਆਲਟੀ ਸਟੈਂਡਰਡ (National Quality Standard) ਦਰਜਿਆਂ ਬਾਰੇ ਸਮਝਣਾ
+ ਬਾਲ ਸੰਭਾਲ ਸ਼ੁਰੂ ਕਰਨ ਬਾਰੇ ਸੁਝਾਅ
+ ਆਪਣੇ ਬੱਚੇ ਦੀ ਵਿਕਾਸ ਉਪਲਬਧੀਆਂ ਬਾਰੇ ਜਾਣਨਾ



ਆਰੰਭਿਕ ਬਚਪਨ ਦੀ ਸਿੱਖਿਆ ਅਤੇ ਸੰਭਾਲ ਵੱਲ ਤੁਹਾਡਾ ਪਹਿਲਾ ਕਦਮ

## ਸਿਖਲਾਈ ਤੁਹਾਡੇ ਬੱਚੇ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ।

ਭਾਵੇਂ ਉਨ੍ਹਾਂ ਦੀ ਸੰਭਾਲ ਘਰ ਵਿੱਚ, ਬਾਲ ਸੰਭਾਲ ਜਾਂ ਪ੍ਰੀਸਕੂਲ ਵਿੱਚ ਕੀਤੀ ਜਾ ਰਹੀ ਹੋਵੇ, ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਰੋਜ਼ਾਨਾ ਸਿੱਖਣ ਅਤੇ ਵਿਕਸਤ ਹੋਣ ਦਾ ਮੌਕਾ ਮਿਲੇ। ਸਾਡਾ ਟੀਚਾ ਆਰੰਭਿਕ ਬਚਪਨ ਦੀ ਸਿੱਖਿਆ ਅਤੇ ਸੰਭਾਲ ਵਿੱਚ ਤੁਹਾਡੇ ਪਹਿਲੇ ਕਦਮ ਵਿੱਚ ਤੁਹਾਡੀ ਮਦਦ ਕਰਨਾ ਅਤੇ ਤੁਹਾਨੂੰ ਭਰੋਸੇਮੰਦ ਜਾਣਕਾਰੀ, ਸਾਰੀ ਦੀ ਸਾਰੀ ਇੱਕੋ ਜਗ੍ਹਾ ‘ਤੇ ਪ੍ਰਦਾਨ ਕਰਨਾ ਹੈ।

## ਧਿਆਨ ਨਾਲ ਚੁਣੋ।

StartingBlocks.gov.au ‘ਤੇ, ਅਸੀਂ ਤੁਹਾਨੂੰ ਆਪਣੇ ਬੱਚੇ ਲਈ ਸਹੀ ਆਰੰਭਿਕ ਬਚਪਨ ਦੀ ਸਿੱਖਿਆ ਅਤੇ ਸੰਭਾਲ ਦੀ ਚੋਣ ਕਰਨ ਵਿੱਚ ਮਦਦ ਕਰ ਸਕਦੇ ਹਾਂ। ਆਸਟਰੇਲੀਆ ਦੀਆਂ ਸਰਕਾਰਾਂ ਸਾਰੀਆਂ ਸੇਵਾਵਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਦੀਆਂ ਹਨ ਅਤੇ ਇਨ੍ਹਾਂ ਨੈਸ਼ਨਲ ਕੁਆਲਟੀ ਸਟੈਂਡਰਡ (National Quality Standard) ਦਰਜਿਆਂ ਦਾ ਸਮਰਥਨ ਕਰਦੀਆਂ ਹਨ:

- Rated EXCELLENT by ACECQA
- RATED EXCEEDING NATIONAL QUALITY STANDARD
- RATED MEETING NATIONAL QUALITY STANDARD
- RATED WORKING TOWARDS NATIONAL QUALITY STANDARD
- ਜ਼ਿਕਰਯੋਗ ਸੁਧਾਰ ਦੀ ਲੋੜ ਹੈ (SIGNIFICANT IMPROVEMENT REQUIRED)

ਨੈਸ਼ਨਲ ਕੁਆਲਟੀ ਸਟੈਂਡਰਡ (National Quality Standard) (NQS) ਦੇ ਸੱਤ ਗੁਣਵੱਤਾ ਖੇਤਰਾਂ ਦੇ ਅਨੁਸਾਰ ਪ੍ਰਤੀ ਸੇਵਾਵਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

1 ਸਿੱਖਿਆ ਪ੍ਰੋਗਰਾਮ ਅਤੇ ਅਭਿਆਸ
2 ਬੱਚਿਆਂ ਦੀ ਸਿਹਤ ਅਤੇ ਸੁਰੱਖਿਆ
3 ਭੌਤਿਕ ਵਾਤਾਵਰਣ
4 ਕਰਮਚਾਰੀਆਂ ਦੀਆਂ ਵਿਵਸਥਾਵਾਂ
5 ਬੱਚਿਆਂ ਨਾਲ ਸਬੰਧ
6 ਪਰਿਵਾਰਾਂ ਅਤੇ ਭਾਈਵਾਲਾਂ ਨਾਲ ਸਹਿਯੋਗੀ ਸਾਂਝੇਦਾਰੀਆਂ
7 ਪ੍ਰਬੰਧਣ ਅਤੇ ਅਗਵਾਈ

StartingBlocks.gov.au

ਆਸਟਰੇਲੀਆਈ ਬਾਲ ਸਿੱਖਿਆ ਅਤੇ ਸੰਭਾਲ ਗੁਣਵੱਤਾ ਅਥਾਰਟੀ(Australian Children’s Education & Care Quality Authority) ਵੱਲੋਂ StartingBlocks.gov.au ਤੁਹਾਡੀ ਲਈ ਪੇਸ਼ ਹੈ